# ਹੁਕਮੁ

## ਭਾਗ–5

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥

(ਪੰਨਾ–72)

ਇਸ ਪੰਗਤੀ ਅਨੁਸਾਰ, 'ਨਾਮ', 'ਸ਼ਬਦ' ਅਤੇ 'ਹੁਕਮੁ' ਇਕੋ ਆਤਮਿਕ ਮੰਡਲ ਦੀ 'ਖੇਲ' ਹੈ।

ਜਦ ਬਿਜਲੀ ਪਾਵਰ ਹਾਊਸ (power house) ਵਿਚ ਜਮ੍ਹਾਂ ਹੁੰਦੀ ਹੈ, ਤਾਂ ਉਸ ਨੂੰ 'ਸ਼ਕਤੀ' (energy) ਕਿਹਾ ਜਾਂਦਾ ਹੈ।

ਬਿਜਲੀ ਦੀ ਸ਼ਕਤੀ ਦੀ 'ਰਵਾਨਗੀ' (flow) ਨੂੰ 'ਕਰੰਟ' (current) ਕਿਹਾ ਜਾਂਦਾ ਹੈ।

ਏਸੇ ਤਰ੍ਹਾ ਸਾਡੇ ਅੰਦਰ ਆਤਮਿਕ ਜੋਤਿ ਦੀ 'ਸ਼ਕਤੀ' ਨੂੰ 'ਨਾਮ' ਜਾਂ 'ਸ਼ਬਦ' ਕਿਹਾ ਗਿਆ ਹੈ ਅਤੇ "ਕਵਾਓ" ਦੁਆਰਾ ਪ੍ਰਵਿਰਤੀ ਜਾਂ 'ਰਵਾਨਗੀ' ਨੂੰ 'ਹੁਕਮ', 'ਭਾਣਾ', 'ਅਮਰ', ਜਾਂ 'ਰਜ਼ਾ' ਕਿਹਾ ਗਿਆ ਹੈ।

ਇਸ 'ਜੀਵਨ–ਰੌ' ਜਾਂ 'ਨਾਮ' ਦੀ ਰਵਾਨਗੀ ਜਾਂ ਪ੍ਰਵਿਰਤੀ ਦੁਆਰਾ ਸਾਰੀ ਕਾਇਨਾਤ ਚਲ ਰਹੀ ਹੈ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਪੰਨਾ–1)

ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥ (ਪੰਨਾ–654)

ਬਿਜਲੀ ਦਾ 'ਕਰੰਟ' ਸਭ ਥਾਈਂ, ਘਰਾਂ, ਕਾਰਖਾਨਿਆਂ ਵਿਚ ਅਨੇਕਾਂ ਤਰੀਕਿਆਂ

ਦੁਆਰਾ ਸਾਡਾ ਕੰਮ ਸਵਾਰਦਾ ਅਤੇ ਸੁਖ ਪਹੁੰਚਾਉਂਦਾ ਹੈ। ਇਸ ਕਰੰਟ ਨੂੰ ਕਾਬੂ ਵਿਚ ਰੱਖਣ ਲਈ ਤਾਰ ਨੂੰ ਰਬੜ (rubber) ਨਾਲ ਢਕਿਆ ਜਾਂਦਾ ਹੈ, ਜਿਸ ਨੂੰ ਇਨਸੋਲੇਸ਼ਨ (insulation) ਕਿਹਾ ਜਾਂਦਾ ਹੈ।

ਜਦ ਕਦੇ ਬਿਜਲੀ ਫੇਲ (fail) ਹੋ ਜਾਵੇ ਤਾਂ ਟੈਸਟਰ (tester) ਨਾਲ ਖੋਜ ਕੀਤੀ ਜਾਂਦੀ ਹੈ ਕਿ ਬਿਜਲੀ ਦਾ ਕਰੰਟ ਕਿਥੋਂ 'ਫੇਲ' ਹੋਇਆ ਹੈ। ਇਸ ਜੰਤਰ ਦੇ ਇਕ ਪਾਸੇ ਤਿਖੀ ਸੂਈ ਅਤੇ ਦੂਜੇ ਪਾਸੇ ਬੱਲਬ (bulb) ਲਗਿਆ ਹੁੰਦਾ ਹੈ। ਇਸ ਜੰਤਰ ਦੀ ਸੂਈ, ਤਾਰ ਦੀ ਉਪਰਲੀ ਰਬੜ ਵਿਚ ਖੋਭ ਕੇ ਤਾਰ ਨਾਲ 'ਛੋਹ' ਕੇ ਖੋਜ ਕੀਤੀ ਜਾਂਦੀ ਹੈ ਕਿ ਤਾਰ ਵਿਚ 'ਕਰੰਟ' ਹੈ ਕਿ ਨਹੀਂ। ਜੇ ਉਥੇ ਕਰੰਟ ਹੋਵੇ ਤਾਂ ਜੰਤਰ ਦਾ ਬਲਬ ਜਗ ਪੈਂਦਾ ਹੈ ਤੇ ਉਸ ਤਾਰ ਨੂੰ 'ਜਿਉਂਦੀ ਤਾਰ' (live wire) ਕਿਹਾ ਜਾਂਦਾ ਹੈ। ਜੇਕਰ ਬੱਲਬ ਨਾ ਜਗੇ ਤਾਂ ਇਹ ਤਾਰ 'ਮੁਰਦਾ' (dead wire) ਅਖਵਾਉਂਦੀ ਹੈ।

ਬਾਹਰੋਂ ਤਾਂ ਸਾਰੀਆਂ ਤਾਰਾਂ ਇਕੋ ਜਿਹੀਆਂ ਪ੍ਰਤੀਤ ਹੁੰਦੀਆ ਹਨ, ਪਰ 'ਟੈਸਟਰ' ਦੀ ਸੂਈ ਨੂੰ ਰਬੜ ਵਿਚ ਦੀ 'ਵਿੰਨ੍ਹ' ਕੇ ਤਾਰ ਨਾਲ ਛੋਹਣ ਤੋਂ ਹੀ ਨਿਰਣਾ ਹੋ ਸਕਦਾ ਹੈ ਕਿ ਤਾਰ ਵਿਚ 'ਕਰੰਟ' ਹੈ ਕਿ ਨਹੀਂ।

ਇਸ ਦਾ ਮਤਲਬ ਇਹ ਹੋਇਆ ਕਿ ਤਾਰ ਦੀ ਉਪਰਲੀ ਰਬੜ ਨੂੰ ਵਿੰਨ੍ਹ ਕੇ 'ਕਰੰਟ' ਨਾਲ 'ਛੋਹ' ਦੁਆਰਾ ਹੀ, ਸਾਨੂੰ ਬਿਜਲੀ ਮਿਲ ਸਕਦੀ ਹੈ ਅਤੇ ਸਾਡੇ ਸਾਰੇ ਕੰਮ ਸੌਰ ਸਕਦੇ ਹਨ। ਕਰੰਟ ਦੀ 'ਛੋਹ' ਤੋਂ ਬਗੈਰ ਸਾਰੇ ਬੱਲਬ, ਰੇਡਿਓ, ਟੀ. ਵੀ. ਆਦਿ ਸਭ 'ਮੁਰਦਾ' ਹੀ ਹਨ।

ਏਸੇ ਤਰ੍ਹਾਂ, ਜਦ ਤਾਂਈ ਸਾਡੇ ਅੰਦਰ ਇਲਾਹੀ 'ਜੋਤ', 'ਜੀਵਨ-ਰੌਂ' 'ਨਾਮ' ਦੀ 'ਰਵਾਨਗੀ' ਕੰਮ ਕਰਦੀ ਹੈ, ਅਸੀਂ 'ਜਿਉਂਦੇ' ਹਾਂ, ਪਰ ਜਦ ਇਹ 'ਜੋਤ' ਨਿਕਲ ਜਾਂਦੀ ਹੈ ਤਾਂ ਸਾਡੀ 'ਮੌਤ' ਹੋ ਜਾਂਦੀ ਹੈ।

ਬੱਲਬ, ਰੇਡਿਓ, ਟੀ. ਵੀ. ਆਦਿ ਆਪਣੇ ਆਪ ਵਿਚ ਮੁਰਦਾ ਚੀਜ਼ਾਂ ਹਨ। ਇਹ ਸਿਰਫ ਬਿਜਲੀ ਦੇ 'ਕਰੰਟ' ਨਾਲ ਹੀ 'ਜੀਉਂਦੇ' ਹਨ ਅਤੇ ਕੰਮ ਕਰਦੇ ਹਨ।

ਜਦ ਇਨ੍ਹਾਂ ਵਿਚ 'ਕਰੰਟ' ਕੰਮ ਕਰਦਾ ਹੈ, ਤਦ ਭੀ ਇਨ੍ਹਾਂ ਨੂੰ ਆਪਣੇ 'ਆਪੇ' ਅਥਵਾ 'ਜੀਵਤ-ਅਵਸਥਾ' ਦੀ 'ਸੋਝੀ' ਨਹੀਂ ਹੁੰਦੀ, ਕਿਉਂਕਿ ਇਨ੍ਹਾਂ ਵਿਚ ਮਹਿਸੂਸ ਕਰਲ ਵਾਲੀ 'ਚੇਤੰਨਤਾ' ਜਾਂ ਬੁੱਧੀ ਨਹੀਂ ਹੈ।

ਇਸੇ ਤਰ੍ਹਾਂ 'ਜੀਵ' ਦੇ ਅੰਦਰ ਭੀ ਇਲਾਹੀ 'ਜੋਤ', 'ਨਾਮ', 'ਹੁਕਮ', ਦਿਨ-ਰਾਤ, 'ਰਵਿ-ਰਹਿਆ ਭਰਪੂਰ' ਹੈ ਅਤੇ ਕੰਮ ਕਰ ਰਿਹਾ ਹੈ, ਪਰ ਜੀਵ ਨੂੰ ਆਪਣੇ ਅੰਤ੍ਰ-ਆਤਮੇ ਪ੍ਰਕਾਸ਼ਿਤ ਅਤੇ ਪ੍ਰਵਿਰਤ ਹੋ ਰਹੇ 'ਹੁਕਮ', 'ਜੀਵਨ ਰੌਂ', ਜੀਵਨ ਆਧਾਰ ਦੀ ਬਾਬਤ—ਸੋਝੀ ਨਹੀਂ, ਸਮਝ ਨਹੀਂ, ਗਿਆਨ ਨਹੀਂ, ਬੂਝ ਨਹੀ, ਪਹਿਚਾਨ ਨਹੀਂ,

ਅਹਿਸਾਸ ਨਹੀਂ, ਨਿਸਚਾ ਭੀ ਨਹੀਂ ਹੈ।

ਇਹ ਪਹਿਚਾਨ ਜਾਂ ਅਹਿਸਾਸ ਸਾਡੀ ਚੇਤੰਨ ਸ਼ਕਤੀ ਨੇ ਕਰਨਾ ਹੈ। ਪਰ ਸਾਡੀ 'ਨਿਰਣੇ-ਸ਼ਕਤੀ', 'ਬੁੱਧੀ', ਹਉਮੈ ਦੇ ਭਰਮ-ਭੁਲਾਵੇ ਰੂਪੀ 'ਰਬੜ' ਨਾਲ 'ਢਕੀ' ਹੋਈ ਹੈ। (insulated with ego consciousness), ਜਿਸ ਦੀ ਵਜਾਹ ਨਾਲ ਅਸੀਂ ਉਸ ਇਲਾਹੀ ਸ਼ਕਤੀ 'ਨਾਮ' ਅਥਵਾ ਉਸ ਦੀ 'ਰਵਾਨਗੀ', 'ਜੀਵਨ-ਆਧਾਰ', 'ਹੁਕਮ' ਤੋਂ ਬੇ-ਖ਼ਬਰ ਅਤੇ ਅਨਜਾਣ ਹਾਂ।

ਜੇਕਰ ਬੱਲਬ ਆਪਣੇ ਆਪ ਨੂੰ ਰੌਸ਼ਨੀ ਦਾ 'ਕਰਤਾ' ਜਾਂ 'ਦਾਤਾ' ਸਮਝ ਬੈਠੇ ਤਾਂ ਉਸ ਦਾ ਇਹ ਦਾਅਵਾ 'ਕੂੜਾ' ਹੈ।

ਏਸੇ ਤਰ੍ਹਾਂ ਮਾਇਕੀ ਅੰਧ-ਗੁਬਾਰ ਦੇ ਭਰਮ-ਭੁਲਾਵੇ ਵਿਚ, ਅਸੀਂ ਝੂਠਾ ਗੁਮਾਨ ਕਰੀ ਬੈਠੇ ਹਾਂ, ਕਿ 'ਮੈਂ' ਜਾਂ 'ਹਉਮੈ' ਹੀ, ਸਰਬ ਸ਼ਕਤੀ ਮਾਨ 'ਹੈਸੀਅਤ' ਹੈ ਅਤੇ ਆਪਣੇ 'ਭਾਣੇ' ਵਿਚ ਹੀ ਕਰਮ ਕਰਦੇ ਹੋਏ 'ਕਰਮ-ਬੱਧ' ਹੋ ਕੇ ਦੁਖੀ ਹੋ ਰਹੇ ਹਾਂ —

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥
ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ (ਪੰਨਾ-761)

ਅਨਿਕ ਕਰਮ ਕੀਏ ਬਹੁਤੇਰੇ॥
ਜੋ ਕੀਜੈ ਸੁ ਬੰਧਨੁ ਪੈਰੇ॥ (ਪੰਨਾ-1075)

ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ॥
ਮਾਇਆ ਮੂਠਾ ਸਦਾ ਬਿਲਲਾਇ॥ (ਪੰਨਾ-1176)

ਇਸ ਦੇ ਉਲਟ ਜੇਕਰ ਗੁਰੂ ਦੀ ਕ੍ਰਿਪਾ ਨਾਲ ਅਸੀਂ ਆਪਣੇ ਅੰਤ੍ਰ-ਆਤਮੇ 'ਸਰਬ-ਸ਼ਕਤੀਮਾਨ' 'ਰਵਿ-ਰਹਿਆ-ਭਰਪੂਰ' ਇਲਾਹੀ 'ਨਾਮ' ਜਾਂ 'ਹੁਕਮ' ਨੂੰ — ਸਮਝ ਲਈਏ, ਜਾਣ ਲਈਏ, ਬੁਝ ਲਈਏ, ਪਹਿਚਾਣ ਲਈਏ, ਅਹਿਸਾਸ ਕਰ ਲਈਏ, ਅਨੁਭਵ ਕਰ ਲਈਏ ਤਾਂ ਸਾਡੇ ਮਨ ਦੀ 'ਹਉਮੈ' ਦੇ ਭਰਮ-ਭੁਲਾਵੇ (egoistic insulation) ਦਾ 'ਛੌੜ' ਲਹਿ ਜਾਵੇ ਤਾਂ ਸਾਡੀ 'ਜੀਵਨ-ਕਿਸ਼ਤੀ' ਇਲਾਹੀ 'ਹੁਕਮ' ਦੀ ਰਵਾਨਗੀ ਦੀ 'ਸਹਿਜ-ਚਾਲ' ਨਾਲ 'ਸੁਰ' ਹੋ ਕੇ ਰੁੜ੍ਹੀ ਜਾਵੇਗੀ ਅਤੇ ਅਸੀਂ ਆਪਣੇ 'ਹਉਂਧਾਰੀ' ਕਰਮਾਂ ਤੋਂ ਆਜ਼ਾਦ ਹੋ ਜਾਵਾਂਗੇ।

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥ (ਪੰਨਾ-400)
ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖੁ ਪਾਵਏ ॥ (ਪੰਨਾ-440)
ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥ (ਪੰਨਾ-520)

ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ ॥ (ਪੰਨਾ-523)

ਇਸ ਉਦਾਹਰਣ ਵਿਚ ਹੇਠਲੀਆਂ ਗੱਲਾਂ ਦਾ ਨਿਰਣਾ ਕਰਣਾ ਜ਼ਰੂਰੀ ਹੈ—

| ਬਿਜਲੀ ਦਾ ਕਰੰਟ | ਇਲਾਹੀ ਹੁਕਮ |
|---|---|
| 1. ਬੇਅੰਤ ਉਦਮ ਅਤੇ ਖਰਚੇ ਦੀ ਲੋੜ ਹੈ। | 'ਸੈਭੰ' ਹੈ। |
| 2. ਇਸ ਦਾ ਸੁਖ ਸੀਮਤ ਹੈ। | ਸਦੀਵੀ ਸੁਖਦਾਈ ਹੈ। |
| 3. ਹਾਨੀਕਾਰਕ ਅਤੇ ਤਬਾਹੀ ਦਾ ਕਾਰਣ ਭੀ ਬਣ ਸਕਦੀ ਹੈ। | ਸਰਬ ਖੇਮ, ਕੁਸ਼ਲ, ਕਲਿਆਣ ਰੂਪ ਹੈ। |
| 4. ਸੀਮਤ ਹੈ। | 'ਬੇ-ਹੱਦ' ਹੈ। |
| 5. 'ਵੋਲਟੇਜ' ਘਟਦੀ ਵੱਧਦੀ ਹੈ। | 'ਨਾ ਵਾਧ ਹੈ ਨਾ ਘਾਟ' ਹੈ। |
| 6. ਬੰਦ ਹੋ ਜਾਂਦੀ ਹੈ। | ਇਕਸਾਰ ਹੈ। |
| 7. ਨੁਕਸ ਪੈ ਸਕਦਾ ਹੈ। | ਨੁਕਸ ਹੀਣ ਹੈ। |
| 8. ਇਨਸਾਨੀ ਗਲਤੀ ਹੋ ਸਕਦੀ ਹੈ। | ਅਭੁੱਲ ਹੈ। |
| 9. ਬੇਅੰਤ ਮਸ਼ੀਨਾਂ ਤੇ ਜੰਤਰਾਂ ਦੀ ਲੋੜ ਹੈ। | ਆਪੇ 'ਰਵਿ-ਰਹਿਆ ਭਰਪੂਰ' ਹੈ। |
| 10. ਇਨਸਾਨੀ ਬੁੱਧੀ ਦਾ ਕਰਤਵ ਹੈ। | 'ਕਵਾਓ' ਦਾ ਪ੍ਰਕਾਸ਼ ਹੈ। |

ਬਿਜਲੀ ਦੀ ਸ਼ਕਤੀ ਦੀ ਪ੍ਰਾਪਤੀ ਲਈ ਤਾਂ ਅਸੀਂ ਐਨੀ ਪੜ੍ਹਾਈ, ਖੋਜ, ਮਿਹਨਤ, ਖਰਚਾ ਕਰਦੇ ਹਾਂ, ਜਿਸ ਦਾ ਸੁਖ—ਸੀਮਤ, ਵਿਘਨ ਵਾਲਾ, ਖਤਰਨਾਕ, ਮਾਰੂ ਭੀ ਹੋ ਸਕਦਾ ਹੈ।

ਇਸ ਦੇ ਉਲਟ, 'ਆਤਮਿਕ ਬਿਜਲੀ' ਜਾਂ ਇਲਾਹੀ ਹੁਕਮ, 'ਨਾਮ' ਦਾ ਸੋਮਾ, ਜਾਂ ਕੇਂਦਰ (power house) ਹਰ 'ਜੀਵ' ਦੇ ਅੰਤ੍ਰ-ਆਤਮੇ 'ਰਵਿ-ਰਹਿਆ ਭਰਪੂਰ' ਹੈ, 'ਓਤ-ਪੋਤ ਲਪਟਾਇਆ' ਹੈ, ਸਰਬ ਵਿਆਪਕ ਹੈ, 'ਸੈਭੰ' ਹੈ, ਸਵੈ-ਪ੍ਰਕਾਸ਼ ਹੈ, ਅਭੁੱਲ ਹੈ, ਨਿਰ-ਵਿਘਨ ਹੈ, ਸਰਬ-ਸ਼ਕਤੀਮਾਨ ਹੈ, ਸਭਨਾਂ ਗਲਾਂ ਸਮਰਥ ਹੈ, ਸਦਾ ਸੁਖਦਾਈ ਹੈ, ਅਮੁੱਕ ਹੈ, ਅਥਾਹ ਹੈ, ਅਪਾਰ ਹੈ, ਅਟੁੱਟ ਹੈ, ਲਗਾਤਾਰ ਹੈ, ਇਕਸਾਰ ਹੈ, ਸਹਿਜ-ਚਾਲ ਹੈ।

ਇਸ ਦੇ ਪ੍ਰਗਟ ਜਾਂ ਪ੍ਰਕਾਸ਼ਤ ਕਰਨ ਲਈ ਕਿਸੇ—ਕਿਤਾਬੀ ਜਾਣਕਾਰੀ, ਵਿਗਿਆਨਕ ਪੜ੍ਹਾਈ, ਦਿਮਾਗੀ ਗਿਆਨ, ਜੰਤ੍ਰ-ਮੰਤਰ, ਕਰਮ-ਕਾਂਡ, ਮਸ਼ੀਨਰੀ, ਅਮਲੇ-ਫੈਲੇ ਦੀ ਲੋੜ ਨਹੀਂ, ਕਿਉਂਕਿ ਇਹ ਸਾਰੀ ਇਲਾਹੀ 'ਵਿਉਂਤ' ਆਦਿ ਤੋਂ ਹੀ, ਸਾਡੇ ਅੰਤ੍ਰ-ਆਤਮੇ ਪ੍ਰਕਾਸ਼ਿਤ ਅਤੇ ਪ੍ਰਵਿਰਤ ਹੈ ਅਤੇ 'ਨਾਲ ਲਿਖੀ' ਹੋਈ ਹੈ।

ਪਰ ਇਸ ਇਲਾਹੀ 'ਹੁਕਮ' ਦੀ ਬਾਬਤ ਬੇਅੰਤ ਬਿਆਨ, ਗਿਆਨ, ਗੁਰਬਾਣੀ ਵਿਚੋਂ ਪੜ੍ਹਦਿਆਂ, ਸੁਣਦਿਆਂ, ਗਾਉਂਦਿਆਂ, ਕਥਾ ਕਰਦਿਆਂ ਹੋਇਆਂ ਭੀ ਸਾਨੂੰ ਇਸ

'ਜੀਵਨ-ਰੌਂ' 'ਨਾਮ' ਜਾਂ 'ਹੁਕਮ' ਦੀ — ਸੋਝੀ ਨਹੀਂ ਆਈ, ਸਮਝ ਨਹੀਂ ਆਈ, ਗਿਆਨ ਨਹੀਂ ਹੋਇਆ, ਨਿਸਚਾ ਨਹੀਂ ਆਇਆ, ਸ਼ਰਧਾ ਨਹੀਂ ਜਾਗੀ ਅਤੇ 'ਲੋੜ' ਵੀ ਮਹਿਸੂਸ ਨਹੀਂ ਹੋਈ।

ਇਸ ਵਿਚਾਰ ਤੋਂ ਸਪਸ਼ਟ ਹੈ ਕਿ ਅਸੀਂ —

1. 'ਹਉਮੈਂ' ਦੇ ਅੰਧ-ਗੁਬਾਰ ਵਿਚ ਵਿਚਰਦੇ ਹਾਂ।
2. 'ਹਉਮੈਂ' ਦੁਆਰਾ ਹੀ 'ਕੂੜ-ਕਿਰਿਆ' ਵਿਚ ਉਲਝੇ ਹੋਏ ਹਾਂ।
3. 'ਹਉਮੈਂ' ਵਿਚ ਹੀ 'ਸਚਿਆਰ-ਕੂੜਿਆਰ' ਤੇ 'ਭਲੇ-ਭਲੇਰੇ' ਬਣ ਬੈਠੇ ਹਾਂ।
4. ਆਪਣੇ 'ਭਾਣੇ' ਜਾਂ 'ਮਰਜ਼ੀ' ਨਾਲ ਕਰਮ ਕਰਦੇ ਹਾਂ।
5. ਇਸ 'ਕੂ ੜ-ਕਿਰਿਆ' ਵਿਚ ਹੀ ਅਸੀਂ ਕਰਮ-ਬੱਧ ਹਾਂ।
6. 'ਕਰਮ-ਬੱਧ' ਹੋ ਕੇ ਦੁਖ-ਸੁਖ ਭੋਗਦੇ ਹਾਂ।
7. ਜਮਾਂ ਦੇ 'ਚੀਰੇ' ਵਿਚ ਹਾਂ।
8. ਆਵਾਗਵਨ ਦੇ ਚੱਕਰ ਵਿਚ ਜੰਮਦੇ-ਮਰਦੇ ਹਾਂ।
9. ਇਲਾਹੀ 'ਹੁਕਮ' ਤੋਂ ਅਨਜਾਣ ਹਾਂ।
10. ਇਲਾਹੀ 'ਹੁਕਮ' ਦੇ ਜਾਨਣ ਦੀ ਲੋੜ ਹੀ ਨਹੀਂ।
11. ਇਲਾਹੀ ਹੁਕਮ ਦੇ ਬੁਝਣ ਦਾ ਉਦਮ ਹੀ ਨਹੀਂ।
12. ਇਲਾਹੀ ਹੁਕਮ ਦੀ ਬਾਬਤ ਪੜ੍ਹ-ਪੜ੍ਹਾ ਕੇ, ਸੁਣ-ਸੁਣਾ ਕੇ ਮਚਲੇ ਜਾਂ ਢੀਠ ਹੋ ਗਏ ਹਾਂ।
13. ਢੀਠਤਾਈ ਨਾਲ ਅਵੇਸਲੇ, ਬੇ-ਪ੍ਰਵਾਹ, ਬੇ-ਮੁਖ, ਮਨਮੁਖ ਹੋ ਗਏ ਹਾਂ।

ਸਾਡੀ ਇਸ ਹਾਲਤ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ —

ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥ (ਪੰਨਾ-560)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥ (ਪੰਨਾ-39)

ਬਾਹਰਲੀ ਬਿਨਸਨਹਾਰ ਅਤੇ ਖਤਰਨਾਕ ਬਿਜਲੀ ਦੀ 'ਖੋਜ' ਅਤੇ ਪ੍ਰਾਪਤੀ ਲਈ ਤਾਂ ਅਸੀਂ ਬੇਅੰਤ ਘਾਲਣਾ ਅਤੇ ਖਰਚ ਕਰ ਰਹੇ ਹਾਂ। ਪਰ ਅੰਦਰਲੀ ਸਰਬ ਸਮਰਥ ਅਭੁੱਲ ਅਤੇ ਸਦਾ ਸੁਖਦਾਈ ਆਤਮਿਕ 'ਬਿਜਲੀ' 'ਨਾਮ', 'ਹੁਕਮ' ਨੂੰ ਬੁੱਝਣ, ਜਾਨਣ ਪਹਿਚਾਨਣ ਦਾ ਸਾਨੂੰ ਖਿਆਲ ਹੀ ਨਹੀਂ, ਪਤਾ ਹੀ ਨਹੀਂ, ਗਿਆਨ ਹੀ ਨਹੀਂ, ਲੋੜ ਹੀ ਨਹੀਂ, ਉਦਮ ਤਾਂ ਕੀ ਕਰਨਾ ਸੀ।

ਜੇਕਰ ਕਿਸੇ ਭਾਗਾਂ ਵਾਲੀ 'ਰੂਹ' ਨੂੰ 'ਨਾਮ' ਜਾਂ 'ਹੁਕਮ' ਦੀ 'ਕਾਂਖੀ' ਲਗ ਭੀ ਜਾਵੇ ਤਾਂ ਇਸ ਇਲਾਹੀ 'ਦਾਤ' ਨੂੰ ਪ੍ਰਾਪਤ ਕਰਨ ਦੀ—ਸਹੀ ਜੁਗਤ, ਸਹੀ ਸੇਧ, ਸਹੀ ਸਾਧ-ਸੰਗਤ, ਸਹੀ ਮਾਰਗ ਹੀ ਨਹੀਂ ਮਿਲਦਾ।

ਐਸੇ ਅਭਿਲਾਖੀ ਜਗਿਆਸੂ ਨੂੰ 'ਅਖੌਤੀ' ਸੰਗਤ—ਪਾਠ-ਪੂਜਾ, ਕਰਮ-ਕਾਂਡ, ਹਠ-ਧਰਮੀ, ਫੋਕੇ ਗਿਆਨ, ਖੁਸ਼ਕ ਫਿਲੌਸਫੀਆਂ, ਭਰਮ-ਭੁਲਾਵੇ, ਕੂਰ-ਕਿਰਿਆ ਦੇ ਭੰਬਲ-ਭੂਸਿਆਂ ਵਿਚ ਹੀ ਫਸਾਈ ਰਖਦੀ ਹੈ ਅਤੇ ਉਨ੍ਹਾਂ ਦਾ ਧਾਰਮਿਕ ਜੀਵਨ ਅਜਾਂਈ ਜਾਂਦਾ ਹੈ।

ਅੰਧੇ ਗੁਰੂ ਤੇ ਭਰਮੁ ਨ ਜਾਈ॥ (ਪੰਨਾ-232)

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥ (ਪੰਨਾ-951)

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ (ਪੰਨਾ-1369-70)

ਵੇਦ ਕਤੇਬ ਅਜਾਬ ਵਿਚਿ ਕਰਿ ਕਰਿ ਖੁਦੀ ਬਹਸ ਬਹਸਾਏ।
(ਵਾ: ਭਾ: ਗੁ: 39/8)

ਅੰਨ੍ਹਾ ਆਗੂ ਸਾਥੁ ਮੁਹਾਏ। (ਵਾ: ਭਾ: ਗੁ: 37/28)

ਚੌਰਾਸੀ ਲੱਖ ਜੂਨਾਂ ਵਿਚੋਂ, ਇਨਸਾਨੀ ਜੂਨ 'ਸ਼੍ਰੋਮਣੀ' ਮੰਨੀ ਗਈ ਹੈ ਕਿਉਂਕਿ ਇਨਸਾਨ ਨੂੰ ਅਕਾਲ ਪੁਰਖ ਨੇ —

1. ਬੇਅੰਤ ਤੀਖਣ ਬੁੱਧੀ,
2. ਨਿਰਣੈ ਸ਼ਕਤੀ,
3. ਆਪਣੇ 'ਆਪੇ' ਨੂੰ ਜਾਨਣ,
4. ਆਪਣੇ ਕਰਤੇ ਨੂੰ ਪਹਿਚਾਨਣ,
5. ਇਲਾਹੀ 'ਹੁਕਮ' ਨੂੰ ਬੁੱਝਣ,
6. 'ਹੁਕਮ' ਨੂੰ ਕਮਾਉਣਾ,

7. 'ਭਾਣੇ' ਵਿਚ ਚਲਣ,

8. ਸਿਮਰਨ ਕਰਨ,

9. 'ਅਗਨ–ਸੋਕ–ਸਾਗਰ' ਤੋਂ ਬਚਣ,

10● ਕਰਮ–ਬੰਧਨਾਂ ਤੋਂ ਛੁਟਣ,

11 ਜਮਾਂ ਤੋਂ ਬਚਣ,

12 ਆਵਾਗਵਨ ਤੋਂ ਬਚਣ,

13 ਇਲਾਹੀ ਪਿਆਰ ਦਾ ਪਾਤਰ ਬਣਨ,

14 ਗੁਰੂ ਨਾਲ ਪਿਆਰ ਕਰਨ,

15 ਗੁਰੂ ਦੀ ਸੇਵਾ ਕਰਨ,

16 ਸਾਧ–ਸੰਗਤ ਦਾ ਲਾਹਾ ਲੈਣ,

17 ਨਾਮ ਦਾ ਰਸ ਲੈਣ,

18 ਸ਼ਬਦ ਦੀ ਰੁਣ–ਝੁਣ ਮਾਨਣ,

19 'ਨਾਮ–ਖੁਮਾਰੀ' ਮਾਨਣ,

20● 'ਸਹਿਜ' ਵਿਚ ਵਿਚਰਨ,

ਲਈ ਆਪਣਾ ਹੀ 'ਸਰੂਪ' ਬਖਸ਼ ਕੇ, ਬੇਅੰਤ ਇਲਾਹੀ 'ਦਾਤਾਂ' ਪ੍ਰਦਾਨ ਕੀਤੀਆਂ ਹਨ, ਜੋ ਬਾਕੀ ਦੀਆਂ ਜੂਨਾਂ ਦੇ ਹਿੱਸੇ ਨਹੀਂ ਆਈਆਂ —

ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥ (ਪੰਨਾ–176)

ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (ਪੰਨਾ–374)

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥ (ਪੰਨਾ–1075)

ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ॥ (ਪੰਨਾ–1159)

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸੁ ਦੇਹੀ।
(ਵਾ: ਭਾ: ਗੁ: 1/3)

ਮਾਣਸ ਜਨਮ ਦੁਲੰਭ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ।
(ਵਾ: ਭਾ: ਗੁ: 4/1)

ਉਪਰਲੀਆਂ ਪੰਗਤੀਆਂ ਤੋਂ ਸਪਸ਼ਟ ਹੈ ਕਿ ਇਨਸਾਨ ਦੀ ਹੀ ਇਕੋ 'ਜੂਨ' ਹੈ, ਜਿਸ ਵਿਚ ਗੁਰਬਾਣੀ ਦੇ ਉਪਦੇਸ਼ਾਂ ਤੋਂ ਜੀਵਨ-ਸੇਧ ਲੈ ਕੇ ਅਸੀਂ ਇਲਾਹੀ 'ਹੁਕਮ' ਨੂੰ ਸਮਝ, ਬੁਝ, ਪਹਿਚਾਣ ਕੇ, 'ਭਾਣੇ' ਵਿਚ ਚਲ ਸਕਦੇ ਹਾਂ ਅਤੇ ਸੁਖੀ ਹੋ ਸਕਦੇ ਹਾਂ।

ਪਰ ਅਫਸੋਸ ਦੀ ਗੱਲ ਹੈ, ਕਿ ਏਹੋ ਜਿਹੀ ਬਾਣੀ ਦੇ ਪਾਠ, ਪੂਜਾ, ਗਾਇਣ ਕਰਦਿਆਂ ਹੋਇਆਂ ਭੀ, ਅਸੀਂ —

1. ਇਲਾਹੀ 'ਹੁਕਮ' ਨੂੰ ਜਾਨਣ, ਬੁਝਣ, ਪਹਿਚਾਨਣ, ਤੋਂ ਅਸਮਰਥ ਰਹੇ ਹਾਂ।
2. 'ਹੁਕਮ' ਦੇ ਭਾਣੇ ਵਿਚ ਚਲਣਾ ਜਾਂ ਕਮਾਉਣਾ ਤਾਂ ਕੀ ਸੀ।
3. ਬਲਕਿ ਇਲਾਹੀ 'ਹੁਕਮ' ਜਾਂ 'ਭਾਣੇ' ਦੇ ਉਲਟ ਆਪਣੀਆਂ ਸਿਆਣਪਾਂ ਅਤੇ ਫੋਕਟ ਦਿਮਾਗੀ ਗਿਆਨ ਦੁਆਰਾ, 'ਹੁਕਮ' ਦੀ 'ਰਵਾਨਗੀ' ਜਾਂ 'ਵੇਗ' ਵਿਚ ਵਿਘਨ ਪਾਉਂਦੇ ਹਾਂ ਅਤੇ 'ਭਾਣੇ' ਤੋਂ 'ਬੇ-ਸੁਰੇ' ਹੋ ਗਏ ਹਾਂ।
4. ਏਸੇ ਢੀਠਤਾਈ ਵਿਚ ਹੀ ਆਪਣੀ ਵਡਿਆਈ ਅਤੇ ਕਲਿਆਣ ਸਮਝੀ ਬੈਠੇ ਹਾਂ।
5. ਇਸ ਤਰ੍ਹਾਂ, ਅਸੀਂ ਮਾਇਆ ਦੇ 'ਭ੍ਰਮ-ਭੁਲਾਵੇ', 'ਘੋਰ-ਹਨੇਰ' ਵਿਚ, ਆਪਣੇ ਕਰਤੇ, ਅਕਾਲ ਪੁਰਖ ਨੂੰ 'ਭੁੱਲ' ਗਏ ਹਾਂ ਅਤੇ ਗੁਰੂ ਤੋਂ ਬੇਮੁਖ ਹੋ ਗਏ ਹਾਂ। ਇਸ ਦਾ ਭਿਆਨਕ ਨਤੀਜਾ ਗੁਰਬਾਣੀ ਵਿਚ ਇਉਂ ਦਰਸਾਇਆ ਹੈ —

ਸਾਧੋ ਇਹੁ ਜਗੁ ਭਰਮ ਭੁਲਾਨਾ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥ (ਪੰਨਾ-684)

ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥ (ਪੰਨਾ-558)

ਭਰਮੇ ਭੂਲਾ ਫਿਰੈ ਸੰਸਾਰੁ॥
ਮਰਿ ਜਨਮੈ ਜਮੁ ਕਰੇ ਖੁਆਰੁ॥ (ਪੰਨਾ-560)

ਭਰਮੇ ਆਵੈ ਭਰਮੇ ਜਾਇ॥
ਇਹੁ ਜਗੁ ਜਨਮਿਆ ਦੂਜੈ ਭਾਇ॥
ਮਨਮੁਖਿ ਨ ਚੇਤੈ ਆਵੈ ਜਾਇ॥ (ਪੰਨਾ-161)

ਚੌਰਾਸੀ ਲੱਖ ਜੂਨਾਂ ਤਾਂ ਸਹਿਜ ਸੁਭਾਇ, ਅਣਜਾਣੇ ਹੀ ਰੱਬੀ 'ਹੁਕਮ' ਦੀ 'ਰਵਾਨਗੀ' ਦੀ ਸਹਿਜ ਚਾਲ ਵਿਚ, ਆਪੋ ਆਪਣੇ 'ਨਾਲ ਲਿਖੇ ਹੁਕਮ' ਨੂੰ ਕਮਾ ਰਹੀਆਂ ਹਨ।

ਪਰ ਇਨਸਾਨ ਹੀ ਐਸੀ ਜੂਨ ਹੈ, ਜੋ —

1. ਤੀਖਣ ਬੁੱਧੀ ਹੁੰਦਿਆਂ,

2. ਨਿਰਣਾ ਸ਼ਕਤੀ ਹੁੰਦਿਆਂ,

3. ਗੁਰੂਆਂ, ਅਵਤਾਰਾਂ ਦੇ ਉਪਦੇਸ਼ਾਂ ਦੇ ਬਾਵਜੂਦ,

4. ਗੁਰਬਾਣੀ ਪੜ੍ਹਦਿਆਂ, ਸੁਣਦਿਆਂ, ਗਾਉਂਦਿਆਂ ਤੇ ਗਿਆਨ ਘੋਟਦਿਆਂ ਭੀ, ਇਲਾਹੀ 'ਹੁਕਮ' ਤੋਂ — ਬੇ-ਖਬਰ, ਬੇ-ਸਮਝ, ਅਨਜਾਣ, ਬੇ-ਮੁਖ ਹੈ, ਜਾਂ ਜਾਣ ਬੁਝ ਕੇ : ਅਵੇਸਲੀ, ਬੇਪ੍ਰਵਾਹ, ਮਚਲੀ ਢੀਠ ਹੋਈ, ਹੋਈ ਹੈ।

ਇਸੇ ਕਰਕੇ 'ਇਨਸਾਨ' ਹੀ ਇਕੋ ਜੂਨ ਹੈ, ਜੋ ਸਭ ਤੋਂ ਜ਼ਿਆਦਾ — ਦੁਖੀ ਹੈ, 'ਅਗਨ ਸੋਕ-ਸਾਗਰ' ਵਿਚ ਸੜਦੀ ਹੈ, 'ਚਿੰਤਾ ਚਿਖਾ' ਵਿਚ ਭੁਜਦੀ ਹੈ, ਈਰਖਾ ਦਵੈਤ ਵਿਚ ਤੜਫ਼ਦੀ ਹੈ, ਤ੍ਰਿਸ਼ਨਾ ਵਿਚ ਬੇ-ਚੈਨ ਹੈ, ਸਰੀਰਕ ਤੌਰ ਤੇ ਰੋਗੀ ਹੈ, ਮਾਨਸਿਕ ਤੌਰ ਤੇ ਰੋਗੀ ਹੈ, 'ਕਰਮ-ਬੱਧ' ਹੈ, ਜਮਾਂ ਦੇ ਵਸ ਹੈ।

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥ (ਪੰਨਾ-800)

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ॥ (ਪੰਨਾ-1425)

ਭਾਵੇਂ, ਅਕਾਲ ਪੁਰਖ ਨੇ ਤਾਂ ਇਨਸਾਨੀ ਜੂਨ ਨੂੰ ਉਚੇਰਾ, ਚੰਗੇਰਾ, ਉਤਮ, ਸ਼ਰੋਮਣੀ ਦਰਜਾ ਦਿਤਾ ਸੀ, ਪਰ ਅਸੀਂ ਬਖਸ਼ੀ ਹੋਈ ਬੁੱਧੀ ਨੂੰ ਕੁਸੰਗਤ ਦੁਆਰਾ, ਨੀਵੀਆਂ ਰੁਚੀਆਂ ਦੀ ਰੰਗਣ ਚਾੜ੍ਹ ਕੇ, ਮੋਹ ਮਾਇਆ ਵਿਚ ਫਸ ਗਏ ਹਾਂ ਅਤੇ ਮਾਇਕੀ ਭ੍ਰਮ-ਭੁਲਾਵੇ ਵਿਚ ਆਪਣੇ ਹੀ 'ਭਾਣੇ' ਵਿਚ ਵਿਚਰਦੇ ਹਾਂ।

ਹੈਰਾਨੀ ਅਤੇ ਦੁਖਦਾਈ ਗੱਲ ਇਹ ਹੈ ਕਿ ਇਨਸਾਨ ਆਪਣੀ ਹੀ ਸਿਆਣਪ ਅਤੇ ਚਾਤਰੀ ਦੁਆਰਾ, 'ਰੱਬ' ਦੀ ਬਖਸ਼ੀ ਹੋਈ ਊਚਮ-ਊਚੀ, ਸੂਚਮ-ਸੂਚੀ, ਸ਼ਰੋਮਣੀ, 'ਸਿਰਤਾਜ' ਜੂਨ 'ਇਨਸਾਨੀਅਤ' ਤੋਂ ਡਿਗ ਤੇ, ਰਸਾਤਲ ਵਲ ਰੁੜ੍ਹਿਆ ਜਾ ਰਿਹਾ ਹੈ ਅਤੇ ਆਪਣੀਆਂ ਨੀਵੀਆਂ ਰੁਚੀਆਂ 'ਗਿਲਾਨੀ' ਦੁਆਰਾ ਹੀ ਚੌਰਾਸੀ ਲੱਖ ਜੂਨਾਂ ਨਾਲੋਂ ਭੀ ਨੀਵਾਂ ਅਤੇ ਭੈੜਾ ਬਣ ਕੇ ਖੱਜਲ-ਖੁਆਰ ਹੋ ਰਿਹਾ ਹੈ।

ਇਨਸਾਨ ਹੀ — ਖੁਦ-ਗਰਜ਼ੀ, ਕਮੀਨਾਂ, ਦਵੈਤ-ਭਾਵ, ਈਰਖਾ, ਦੁਸ਼ਮਣੀਆਂ, ਬੇਈਮਾਨੀ, ਭ੍ਰਿਸ਼ਟਾਚਾਰ, ਖੋਹਾ-ਖਾਹੀ, ਧੋਖੇ-ਬਾਜ਼ੀ, ਲੜਾਈਆਂ, ਝਗੜੇ, ਜ਼ੁਲਮ ਆਦਿ, ਅਨੇਕਾਂ ਔਗੁਣਾਂ ਦੀ 'ਗਿਲਾਨੀ' ਵਿਚ ਮਲੀਨ ਹੋ ਕੇ, 'ਰੱਬ' ਦੀ ਬਖਸ਼ੀ ਹੋਈ ਉਚੀ-ਸੁੱਚੀ, 'ਇਨਸਾਨੀਅਤ' ਨੂੰ 'ਲਾਜ' ਲਾ ਰਿਹਾ ਹੈ, 'ਰੱਬ' ਦੀ 'ਰੱਬੀਅਤ' ਤੋਂ ਬੇ-ਮੁਖ, ਅਤੇ ਬਖ਼ਸ਼ਿਸ਼ਾਂ ਤੋਂ ਅਕ੍ਰਿਤਘਣ ਹੋ ਰਿਹਾ ਹੈ।

ਅਸਲ ਵਿਚ ਜਿਹੜੀ 'ਇਨਸਾਨੀਅਤ' ਸਾਨੂੰ ਇਲਾਹੀ ਵਿਰਾਸਤ ਵਿਚ ਮਿਲੀ ਸੀ, ਅਸੀਂ ਆਪਣੇ ਆਪ ਹੀ, ਉਸ 'ਇਨਸਾਨੀਅਤ' ਤੋਂ 'ਮੁਨਕਰ' ਤੇ ਬੇਮੁਖ ਹੋ ਰਹੇ ਹਾਂ।

ਹਾਸੋ-ਹੀਣੀ ਗੱਲ ਤਾਂ ਇਹ ਹੈ, ਕਿ ਆਪਣੀ ਇਸ ਬੇ-ਮੁਖਤਾਈ, ਗਿਰਾਵਟ ਜਾਂ ਗਿਲਾਨੀ ਦੇ ਬਾਵਜੂਦ, ਅਸੀਂ ਭਲੇ-ਭਲੇਰੇ ਹੋ ਕੇ, ਹਉਮੈ ਵਿਚ ਆਕੜੇ, ਆਫਰੇ ਫਿਰਦੇ ਹਾਂ ਅਤੇ ਹਉਮੈ-ਵੇੜੀ ਸਿਆਣਪ ਅਤੇ ਚਾਤਰੀ ਨਾਲ ਕਰਮਬਧ ਹੋ ਕੇ, ਪਾਪ ਕਮਾਉਂਦੇ ਹਾਂ ਅਤੇ ਜਮਾਂ ਦੇ ਵਸ ਪੈਂਦੇ ਹਾਂ।

ਹੈਰਾਨੀ ਦੀ ਗੱਲ ਹੈ ਕਿ ਜਿਥੇ ਚੌਰਾਸੀ ਲੱਖ ਜੂਨਾਂ ਤਾਂ ਨਿਰਣਾਂ ਸ਼ਕਤੀ ਤੋਂ 'ਬਗੈਰ' ਹੀ ਆਪਣੇ ਨਾਲ ਲਿਖੇ 'ਹੁਕਮ' ਨੂੰ ਸਹਿਜ ਸੁਭਾਇ ਕਮਾ ਰਹੀਆਂ ਹਨ, ਉਥੇ ਇਨਸਾਨੀ ਜੂਨ, ਅਤਿਅੰਤ ਤੀਖਣ ਬੁੱਧੀ ਅਤੇ ਨਿਰਣਾਂ ਸ਼ਕਤੀ ਦੇ ਹੁੰਦਿਆਂ ਭੀ, ਇਲਾਹੀ ਹੁਕਮ ਨੂੰ ਜਾਨਣ, ਮੰਨਣ ਅਤੇ ਕਮਾਉਣ ਤੋਂ ਅਸੱਮਰਥ ਹੈ।

ਇਸ ਦਾ ਮਤਲਬ ਇਹ ਹੈ ਕਿ ਹੁਕਮ ਨੂੰ—ਸਮਝਣ, ਜਾਨਣ, ਬੁੱਝਣ, ਪਹਿਚਾਨਣ, ਮੰਨਣ, ਕਮਾਉਣ ਲਈ ਦਿਮਾਗੀ—ਸਮਝ, ਗਿਆਨ, ਸਿਆਣਪਾਂ, ਚਾਤਰੀਆਂ, ਉਕਤੀਆਂ, ਜੁਗਤੀਆਂ, ਕਰਮ ਕਿਰਿਆ, ਫਿਲੌਸਫੀਆਂ, ਹਠ-ਧਰਮ ਕਾਫੀ ਨਹੀਂ ਹਨ।

ਇਸੇ ਕਾਰਣ ਇਤਨੀ ਤੀਖਣ ਬੁੱਧੀ ਅਤੇ 'ਬਾਲ-ਕੀ-ਖਾਲ ਉਤਾਰਨ' ਵਾਲੀ ਨਿਰਣਾਂ ਸ਼ਕਤੀ ਦੇ ਬਾਵਜੂਦ, ਅਸੀਂ ਇਲਾਹੀ ਹੁਕਮ ਨੂੰ ਬੁਝਣ-ਮੰਨਣ ਅਤੇ ਕਮਾਉਣ ਤੋਂ 'ਅਸੱਮਰਥ' ਹਾਂ, ਕਿਉਂਕਿ ਇਹ ਨਾਲ ਲਿਖਿਆ ਹੁਕਮ ਇਲਾਹੀ ਮੰਡਲ ਦੀ 'ਖੇਲ' ਹੈ, ਜੋ ਸਾਡੀ ਅਲਪ ਬੁੱਧੀ ਅਤੇ ਫਿਲੌਸਫੀਆਂ ਤੋਂ 'ਪਰੇ' ਹੈ।

ਇਸ ਆਤਮਿਕ 'ਹੁਕਮ' ਨੂੰ ਸਿਰਫ ਅੰਤ੍ਰ-ਆਤਮੇ 'ਅਨੁਭਵੀ-ਪ੍ਰਕਾਸ਼' ਨਾਲ ਹੀ ਬੁਝਿਆ, ਪਹਿਚਾਨਿਆ ਅਤੇ ਮੰਨਿਆ ਜਾ ਸਕਦਾ ਹੈ। ਗੁਰਬਾਣੀ ਅਨੁਸਾਰ ਸਿਰਫ ਅੰਤ੍ਰ-ਆਤਮੇ 'ਸਿਮਰਨ' ਦੁਆਰਾ ਹੀ 'ਅਨੁਭਵ ਪ੍ਰਕਾਸ਼' ਹੋ ਸਕਦਾ ਹੈ।

ਪਰ ਇਹ ਨਿਰੋਲ ਅੰਦਰਲੀ ਆਤਮਿਕ ਮੰਡਲ ਦੀ 'ਖੇਲ' ਹੈ, ਜੋ ਸਾਡੀ ਮਾਇਕੀ ਬੁੱਧੀ ਦੀ ਸਮਝ ਅਤੇ ਪਕੜ ਤੋਂ ਬਾਹਰ ਹੈ। ਆਤਮਿਕ ਮੰਡਲ ਵਿਚ 'ਨਾਮ' ਦੇ ਪ੍ਰਕਾਸ਼ ਨਾਲ ਬੁੱਧੀ ਦੇ 'ਪਰ' ਸੜ ਜਾਂਦੇ ਹਨ ਅਤੇ ਮਨ 'ਪਿੰਗਲਾ' ਹੋ ਜਾਂਦਾ ਹੈ।

ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥ (ਪੰਨਾ-1195)

ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥ (ਪੰਨਾ-1374)

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ ਮਤ ਮੈ ਨ ਮਤਿ ਹੈ। (ਭਾ: ਗੁ: ਕਬਿਤ: ਸਵੈਯਾ)

ਵਸ ਵੇ ਗਿਆਨੀ ਬੁਧੀ ਮੰਡਲਾਂ ਦੀ ਕੈਦ ਵਿਚ,
ਵਲਵਲੇ ਦੇ ਦੇਸ ਅਸੀ ਲਾਈਆਂ ਨੇ ਉਡਾਰੀਆਂ। (ਭਾਈ ਵੀਰ ਸਿੰਘ)

ਕਿੰਨੀ ਦੁਖਦਾਈ ਗੱਲ ਹੈ, ਕਿ ਜਿਸ ਇਨਸਾਨੀ 'ਦੇਹ' ਨੂੰ ਪ੍ਰਮਾਤਮਾ ਨੇ—

1. ਆਪਣੇ ਸਰੂਪ ਵਿਚ ਬਣਾਇਆ ਹੈ,
2. ਆਪ ਭੀ ਗੁਰੂਆਂ, ਅਵਤਾਰਾਂ ਰਾਹੀਂ ਧਾਰਿਆ ਹੈ,
3. ਕਲਿਆਣ ਹਿਤ ਇਤਨੇ ਗੁਰੂ, ਅਵਤਾਰ ਪ੍ਰਗਟ ਕੀਤੇ,
4. ਜੀਵਨ-ਸੇਧ ਦੇਣ ਲਈ ਇਹੋ ਜਿਹੀ ਬਾਣੀ ਪ੍ਰਦਾਨ ਕੀਤੀ,
5. ਸਾਰੀ ਕਾਇਨਾਤ ਦਾ 'ਰਾਜਾ' ਬਣਾਇਆ,
6. ਕੁਦਰਤ ਦੀਆਂ ਸਾਰੀਆਂ ਦਾਤਾਂ ਬਖਸ਼ੀਆਂ,
7. ਆਤਮਿਕ ਮੰਡਲ ਦਾ ਗਿਆਨ ਬਖਸ਼ਿਆ,
8. ਨਿਰਣਾ ਸ਼ਕਤੀ ਜਾਂ 'ਬਿਬੇਕ ਬੁੱਧੀ' ਬਖਸ਼ੀ,
9. ਮਾਇਆ ਦੇ ਭ੍ਰਮ-ਭੁਲਾਵੇ ਵਿਚੋਂ ਨਿਕਲਣ ਦੇ ਸਾਧਨ ਦਸੇ,
10. ਨਿਜ-ਘਰ, ਬੇਗਮ-ਪੁਰੇ ਦੀ ਸੋਝੀ ਬਖਸ਼ੀ,

ਉਹੋ ਹੀ 'ਜੂਨ' ਆਪਣੇ ਕਰਤੇ, ਦਾਤੇ ਤੇ ਗੁਰੂਆਂ ਤੋਂ ਬੇਮੁਖ ਹੋ ਗਈ ਅਤੇ ਉਸ ਦੇ ਸੁਖਦਾਈ, ਕਲਿਆਣਕਾਰੀ 'ਹੁਕਮ', 'ਨਾਮ' ਤੋਂ ਸ਼ਰਧਾਹੀਣ ਅਤੇ ਬੇ-ਪ੍ਰਵਾਹ ਹੋ ਕੇ ਆਪਣੇ ਇਲਾਹੀ 'ਵਿਰਸੇ' ਤੋਂ ਵਾਂਝੀ ਜਾ ਰਹੀ ਹੈ।

ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ॥
ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ॥ (ਪੰਨਾ-298)

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥ (ਪੰਨਾ-707)

ਅਬ ਪੂਛੇ ਕਿਆ ਕਹਾ॥
ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ॥ 1॥ ਰਹਾਉ॥
ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ॥
ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ॥ 1॥
ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ॥
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ॥ 2॥ (ਪੰ.-1203)

ਇਸ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ, ਕਿ ਸਾਡੀ ਮਾਇਕੀ ਬੁੱਧੀ ਦੀਆਂ ਸਿਆਣਪਾਂ, ਫਿਲੌਸਫੀਆਂ, 'ਹੁਕਮ' ਨੂੰ ਬੁੱਝਣ ਅਤੇ ਮੰਨਣ ਵਿਚ—

ਸਹਾਇਕ ਹੋਣ ਦੀ ਬਜਾਏ,
ਰੁਕਾਵਟ ਅਤੇ ਵਿਘਨ ਦਾ ਕਾਰਣ
ਬਣ ਗਈਆਂ ਹਨ।

ਦਿਮਾਗੀ ਸੂਖਮ, ਫੋਕੇ, ਰੁੱਖੇ-ਸੁੱਕੇ ਗਿਆਨ, ਸਾਨੂੰ ਫਿਲੌਸਫੀਆਂ ਦੇ 'ਘਣੇ ਜੰਗਲ' ਵਿਚ ਫਸਾ ਕੇ, ਆਤਮਿਕ ਪੰਧ ਤੋਂ ਕੁਰਾਹੇ ਪਾ ਕੇ ਦੁਰੇਡੇ ਲੈ ਜਾਂਦੇ ਹਨ।

ਦਿਮਾਗੀ ਖੁਸ਼ਕ ਗਿਆਨ ਦੇ 'ਭੰਬਲ-ਭੂਸਿਆਂ' ਵਿਚੋਂ ਅਸੀਂ ਆਪਣੇ ਆਪ ਨਿਕਲ ਨਹੀਂ ਸਕਦੇ। ਬਲਕਿ ਜਿੰਨਾ ਜ਼ਿਆਦਾ ਗਿਆਨ ਜਾਂ ਫਿਲੌਸਫੀਆਂ ਘੋਟਦੇ ਹਾਂ, ਉਤਨੇ ਹੀ ਹੋਰ 'ਫਸੀ' ਜਾਂਦੇ ਹਾਂ।

ਗਿਆਨੁ ਗਿਆਨੁ ਕਥੈ ਸਭੁ ਕੋਈ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ॥ (ਪੰਨਾ-831)

ਕਥਨੀ ਕਹਿ ਭਰਮੁ ਨ ਜਾਈ॥
ਸਭ ਕਥਿ ਕਥਿ ਰਹੀ ਲੁਕਾਈ॥ (ਪੰਨਾ-655)

ਗਿਆਨੁ ਧਿਆਨੁ ਸਭੁ ਕੋਈ ਰਵੈ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ॥ (ਪੰਨਾ-728)

ਮਨਮੁਖੁ ਗਿਆਨੁ ਕਥੇ ਨ ਹੋਈ॥
ਫਿਰਿ ਫਿਰਿ ਆਵੈ ਠਉਰ ਨ ਕੋਈ॥ (ਪੰਨਾ-1051)

ਬਾਹਰਿ ਗਿਆਨ ਧਿਆਨੁ ਇਸਨਾਨ॥
ਅੰਤਰਿ ਬਿਆਪੈ ਲੋਭੁ ਸੁਆਨੁ॥ (ਪੰਨਾ-267)

ਜਗੁ ਕਊਆ ਮੁਖਿ ਚੁੰਚ ਗਿਆਨੁ॥
ਅੰਤਰਿ ਲੋਭੁ ਝੂਠੁ ਅਭਿਮਾਨੁ॥ (ਪੰਨਾ-832)

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥
ਨਾਵਹੁ ਭੂਲੇ ਥਾਉ ਨ ਕੋਈ॥ (ਪੰਨਾ-831)

ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥ (ਪੰਨਾ-413)

ਪਰਮਾਰਥ ਵਿਚ ਵਿਘਨ ਪਾਉਣ ਤੋਂ ਇਲਾਵਾ, ਸਾਡਾ ਫੋਕਾ, ਖੁਸ਼ਕ ਗਿਆਨ, ਸਾਡੀ ਹਉਮੈ ਨੂੰ 'ਪੱਠੇ' ਪਾਕੇ ਤਕੜੀ ਕਰ ਰਿਹਾ ਹੈ। ਇਸ ਤਰ੍ਹਾਂ ਇਲਾਹੀ 'ਹੁਕਮ' ਨੂੰ 'ਬੁੱਝਣ' ਜਾਂ ਭਾਣਾ ਮੰਨਣ ਤੋਂ ਅਸੀਂ ਦੁਰੇਡੇ ਜਾ ਰਹੇ ਹਾਂ —

ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥

ਬਿਨੁ ਏਕ ਨਾਮ ਅਧਾਰੁ॥ ਸਭ ਕਰਮ ਭਰਮ ਬਿਚਾਰ॥ (ਅਕਾਲ ਉਸਤਤਿ)

ਨਾਮ ਬਿਨਾ ਕਿਆ ਗਿਆਨ ਧਿਆਨੁ॥ (ਪੰਨਾ–905)

ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥ (ਪੰਨਾ–759)

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ (ਪੰਨਾ–831)

ਕਰਮ ਧਰਮ ਇਹੁ ਤਤੁ ਗਿਆਨੁ॥
ਸਾਧਸੰਗਿ ਜਪੀਐ ਹਰਿ ਨਾਮੁ॥ (ਪੰਨਾ–866)

ਗੁਰਮੁਖਿ ਗਿਆਨ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ॥ (ਪੰਨਾ–1050)

ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ॥ (ਪੰਨਾ–521)

ਉਪਰਲੀਆਂ ਪੰਗਤੀਆਂ ਤੋਂ ਸਪਸ਼ਟ ਹੈ, ਕਿ 'ਨਾਮ', 'ਹੁਕਮ', 'ਭਾਣਾ', 'ਬੁੱਝਣ', ਪਹਿਚਾਨਣ, ਮੰਨਣ ਅਤੇ ਕਮਾਉਣ ਲਈ—

ਸਾਧ ਸੰਗਤ, ਅਤੇ
'ਨਾਮ ਸਿਮਰਨ' ਦੀ ਹੀ ਲੋੜ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਦਿਮਾਗੀ ਗਿਆਨ ਅਤੇ ਅਕਲ ਨੂੰ ਤਲਾਂਜਲੀ ਦੇਣੀ ਹੈ।

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥ (ਪੰਨਾ–1245)

ਗੋਵਿੰਦ ਭਜਨ ਕੀ ਮਤਿ ਹੈ ਹੋਰਾ॥ (ਪੰਨਾ–381)

ਨੁਕਸ ਤਾਂ ਸਾਡੀ ਦਿਮਾਗੀ 'ਨਿਰਨਾ ਸ਼ਕਤੀ' 'ਰੰਗਤ' ਜਾਂ 'ਸੇਧ' ਵਿਚ ਹੈ। ਸਾਰੀ ਗੱਲ ਮਨ ਦੇ 'ਰੁਖ' ਜਾਂ 'ਰੰਗਤ' ਦੀ ਹੈ ਜੋ 'ਸੰਗਤ' ਅਨੁਸਾਰ ਚੰਗੀ, ਉਚੇਰੀ ਜਾਂ ਮਾੜੀ ਨੀਵੀਂ ਬਣ ਸਕਦੀ ਹੈ।

ਇਸ ਸਾਰੇ ਲੇਖ ਦੇ ਨਿਚੋੜ ਨੂੰ ਅੰਗਰੇਜ਼ੀ ਵਿਚ ਇਉਂ ਦਰਸਾਇਆ ਜਾ ਸਕਦਾ ਹੈ—

It is obvious that the main cause of our egoistic belief, is the influence of the company we keep—which can make or mar the fate and destiny of our lives.

This illusion or misconception of our false ego is engendered in our mental

consciousness, through the baneful company of low, depraved and ungodly elements.

Therefore it is apparent that sublimer company is imperative and essential for the change or transformation of our consciousness.

In other words — transformation of our thoughts, beliefs and conceptions can be brought on the mental and spiritual plane only.

In this subtle and sublime process of transformation of consciousness — personal contact, company and guidance of illuminated Souls is very helpful and beneficial.

When this transformation takes place in our consciousness — our Soul is awakened and illuminated with the Divine Light and the darkness of our egoistic illusion spontaneously evaporate — just as the darkness fades away on the rising of the Sun.

In our ignorance and dilemma of false ego — we are not aware of — better, sublimer, holier, freer, joyful, blissful, loving, gracefull and real Kingdom of God. — where there is : — no darkness, no ignorance, no illusion, no sorrow, no pain, no suffering, no fear, no desire no hatred, no strife, no Satan, no Hell !

And such a — joyful, blissful, graceful, loving, kind Kingdom of God — is yours by — inheritance, without claiming, without earning, just for the taking ! by His Grace.

Where the supreme, benevolent, kind and magnanimous Divine Will prevails and works — silently, invisibly, imperceptively, perfectly, meticulously, un-erringly, punctually, exquisitively, eternally, tenderly, lovingly to — develop, protect, direct, maintain, sustain, integrate all lives in this vast universe.

In fact, the gene of ego, originated-when the Divine nucleus was encased in the false idea of 'I', due to ignorance.

This separate identity of encased 'Divine Ray', will continue its individual existence in our consciousness, until the encasing cage of ignorance is pierced and destroyed and our Divine Ray is again merged into the effulgent Divine Light.

In other words, we have to change, re-orient and transform our false sense of ‘Ego’—

From—‘I’, ‘Me’ and ‘Mine’

To—‘Thou and Thine’

in our consciousness—by constantly—remembering, contemplating, meditating, entertaining, nourishing ‘developing’,

1. our belief and faith in the concept of the benevolent and loving God,
2. living and having our being—in the grace of God's Eternal Kingdom of kindness and love,
3. moving, acting and living ‘in tune’ with the Divine WILL.

This transformation of consciousness constitues and involves—

1.Inner intuitional experience of the soul,

2.vibrating thrill permeating through body and mind,

3.intoxication of Divine Bliss,

4.equisitive joy of Divine Touch,

5.infatuation of Celestial Music,

6.secret and sacred Divine Flame of LOVE,

7.ecstasy of Divine LOVE,

8.basking in the cosy warmth of Divine Sunshine,

9.living and having our being in the Divine glory,

10. enjoying the be-witching and captivating Divine beauty,
11. sweet caresses of Divine Grace,
12. soothing peace of Celestial Silence,
13. thinking, acting and living INTUNE with the flow of His Kind, Benevolent and Loving DIVINE WILL,
14. realizing the glory of Divine LIGHT,
15. enjoying the sweet equisitive Fragrance of Divine Presence.

16. living the Eternal Universal Vibrating Religion.

ਚਲਦਾ...........